# ਕੀ ਗੁਰੂ ਗਰੰਥ ਸਾਹਿਬ ਅਨੁਸਾਰ ਤੀਰਥ ਇਸ਼ਨਾਨ ਕਰਨੇ ਜਾਂ ਵੱਖ ਵੱਖ ਧਾਰਮਿਕ ਅਸਥਾਨਾਂ ਤੇ ਜਾਣਾ ਪ੍ਰਵਾਨ ਹੈ?

*ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥* (੪੭੩)

ਜਿਹੜੇ ਮਨੁੱਖ ਮਨ ਅੰਦਰੋਂ ਤਾਂ ਝੂਠੇ ਹਨ, ਪਰੰਤੂ ਬਾਹਰੋ ਝੂਠੀ ਇੱਜ਼ਤ ਬਣਾਈ ਰੱਖਦੇ ਹਨ, ਤੇ ਜਗਤ ਵਿਚ ਵਿਖਾਵਾ ਕਰਦੇ ਰਹਿੰਦੇ ਹਨ, ਉਹ ਭਾਵੇਂ ਅਠਾਹਠ ਤੀਰਥਾਂ ਉੱਤੇ ਜਾ ਕੇ ਇਸ਼ਨਾਨ ਕਰ ਲੈਂਣ, ਤਾਂ ਵੀ ਉਨ੍ਹਾਂ ਦੇ ਮਨ ਵਿਚਲੀ ਵਿਕਾਰਾਂ ਦੀ ਮੈਲ ਕਦੇ ਨਹੀਂ ਉਤਰਦੀ।

**If according to Gurbani, the dirt of the mind cannot be removed by bathing at 66 places.**

**Then how it is possible for the present day Sikh to clean their internal mind by visiting 5 places**

ਗੁਰੂ ਸਾਹਿਬ ਸਮਝਾਂਦੇ ਹਨ, ਕਿ ਮੈਂ ਵੀ ਤੀਰਥ ਉਤੇ ਇਸ਼ਨਾਨ ਕਰਨ ਜਾਂਦਾ ਹਾਂ, ਪਰੰਤੂ ਮੇਰੇ ਲਈ ਅਕਾਲ ਪੁਰਖੁ ਦਾ ਨਾਮੁ ਹੀ ਤੀਰਥ ਹੈ। ਗੁਰੂ ਦੇ ਸ਼ਬਦ ਨੂੰ ਆਪਣੇ ਵਿਚਾਰ ਮੰਡਲ ਵਿਚ ਟਿਕਾਣਾ ਹੀ ਮੇਰੇ ਲਈ ਤੀਰਥ ਹੈ, ਕਿਉਂਕਿ ਸ਼ਬਦ ਨਾਲ ਮੇਰੇ ਅੰਦਰ ਜਿਹੜਾ ਗਿਆਨ ਪੈਦਾ ਹੁੰਦਾ ਹੈ, ਉਸ ਦੀ ਬਰਕਤ ਸਦਕਾ ਅਕਾਲ ਪੁਰਖੁ ਨਾਲ ਡੂੰਘੀ ਸਾਂਝ ਬਣ ਸਕਦੀ ਹੈ।

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥* (੬੮੭)

ਗੁਰਬਾਣੀ ਅਨੁਸਾਰ ਤੀਰਥੁ ਨਾਮੁ ਹੈ, ਸਬਦ ਦੀ ਬੀਚਾਰੁ ਦੁਆਰਾ ਆਪਣੇ ਹਿਰਦੇ ਅੰਤਰਿ ਹਾਸਲ ਕੀਤਾ ਗਿਆਨੁ ਹੀ ਅਸਲੀ ਤੀਰਥੁ ਹੈ। ਇਸ ਲਈ ਸਬਦ ਵੀਚਾਰ ਦੁਆਰਾ ਪੈਦਾ ਹੋਇਆ ਅੰਤਰ ਗਿਆਨੁ ਹੀ ਨਾਮੁ ਹੈ।

**Hence, we are supposed to act according to the Shabad. For that we need to study, understand and analyse Gurbani written in Guru Granth Sahib**

ਗੁਰੂ ਗਰੰਥ ਸਾਹਿਬ ਇਕ ਉੱਚੇ ਆਚਰਨ ਦਾ ਸੋਮਾ ਹੈ, ਉੱਚਾ ਆਚਰਨ ਤੇ ਉੱਚੀ ਵਿਚਾਰ ਸਿਰਫ ਸਬਦ ਗੁਰੂ ਤੋਂ ਹੀ ਮਿਲ ਸਕਦੀਆਂ ਹਨ। ਇਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣਾਂ ਬਾਰੇ ਵਿਚਾਰ ਕਰਨੀ ਹੈ ਤੇ ਉਨ੍ਹਾਂ ਅਨਮੋਲ ਗੁਣਾਂ ਨੂੰ ਆਪਣੇ ਜੀਵਨ ਦਾ ਹਿਸਾ ਬਣਾਣਾਂ ਹੈ।

**Web = http://www.geocities.ws/sarbjitsingh/**